# ਸਿਆਲਾਂ ਦੀਆਂ ਧੂਣੀਆਂ (ਸਾਰ)

'ਸਿਆਲਾਂ ਦੀਆਂ ਧੂਣੀਆਂ' ਨਿਬੰਧ 'ਗਿਆਨੀ ਗੁਰਦਿੱਤ ਸਿੰਘ' ਦੀ ਰਚਨਾ ਹੈ। ਇਸ ਨਿਬੰਧ ਵਿੱਚ ਸਿਆਲਾਂ ਦੀਆਂ ਧੂਣੀਆਂ ਨੂੰ ਮਾਧਿਅਮ ਬਣਾ ਕੇ ਪੰਜਾਬ ਦੇ ਪੁਰਾਣੇ ਸੱਭਿਆਚਾਰ ਦੀ ਰੌਚਕ ਝਲਕ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਨਿਬੰਧ ਰਾਹੀਂ ਲੇਖਕ ਦੱਸਦਾ ਹੈ ਕਿ ਪਿੰਡ ਦੀ ਸੱਥ, ਚੌਰਸਤੇ ਜਾਂ ਖੁੱਲ੍ਹੇ ਮੋਕਲੇ ਰਾਹਾਂ ਵਿਚਾਲੇ, ਸਿਆਲ ਨੂੰ ਧੂਣੀਆਂ ਸੇਕਣਾ ਸਾਰੇ ਪਿੰਡ ਦੇ ਲੋਕਾਂ ਦਾ ਇੱਕ ਸੌਹਲ ਜਿਹਾ ਸ਼ੌਕ ਪਰਚਾਵਾ ਹੈ।

- **ਧੂਣੀ ਦਾ ਨਿਰਮਾਣ:** ਪਸ਼ੂਆਂ ਅੱਗਿਓਂ ਰੁੱਗ ਖੋਰ, ਸੱਕੀ ਦੇ ਟਾਂਡਿਆਂ ਦੇ ਟੀਂਡਣ ਤੇ ਏਧਰ ਉਧਰ ਤੋਂ ਹੋਰ ਕੂੜਾ ਕਰਕਟ ਇਕੱਠਾ ਕਰਕੇ, ਇਸ ਧੂਣੀ ਲਈ ਸਮੱਗਰੀ ਤਿਆਰ ਕੀਤੀ ਜਾਂਦੀ ਹੈ। ਜਿਸ ਥਾਂ ਉੱਤੇ ਧੂਣੀ ਲੱਗਦੀ ਹੈ, ਦੀਜਾਂ ਸੱਤਾਂ ਦਿਨਾਂ ਪਿੱਛੋਂ ਧਰਤੀ ਦਾ ਉਤਲਾ ਹਿੱਸਾ ਕਾਲਾ ਹੋ ਜਾਂਦਾ ਹੈ। ਆਮ ਤੌਰ ਤੇ ਇਸ ਅਵਾਮੀ ਹਵਨ-ਕੁੰਡ ਨੂੰ ਗਿੱਠ ਕੁ ਟੋਆ ਪੁੱਟ ਕੇ ਨੀਵਾਂ ਕਰ ਲਿਆ ਜਾਂਦਾ ਹੈ, ਜਿਸ ਵਿੱਚ ਧੂਣੀ ਵਿਛੜਨ ਵੇਲੇ ਦੋ ਗੋਹੇ ਸੁਆਹ ਹੇਠ ਦੱਬ ਦਿੱਤੇ ਜਾਂਦੇ ਹਨ ਤਾਂ ਜੁ ਦੂਜੇ ਦਿਨ ਨਵੀਂ ਅੱਗ ਲਿਆਉਣ ਦੀ ਥਾਂ ਪਹਿਲੀ ਹੀ ਸੁਲਘਾਈ ਜਾ ਸਕੇ।

- **ਧੂਣੀ ਦਾ ਮਨੋਰਥ:** ਧੂਣੀ ਦਾ ਮਨੋਰਥ ਸਿਆਲ ਦੀਆਂ ਠੰਢੀਆਂ ਰਾਤਾਂ ਨੂੰ ਸੁਹਾਣੀਆਂ ਬਣਾਉਣਾ ਹੁੰਦਾ ਹੈ। ਸਭ ਤੋਂ ਚੰਗੀ ਮਘੀ ਧੂਣੀ ਉਸ ਦਿਨ ਸਮਝੀ ਜਾਂਦੀ ਹੈ, ਜਿਸ ਦਿਨ, ਗੱਲਾਂ ਦੇ ਗਾਲੜੀਆਂ ਵੱਲੋਂ ਗੱਪਾਂ ਨਾਲ ਧੂਣੀ ਸੇਕਣ

ਜਾਂਞਿਆਂ ਦਾ ਖ਼ੁਸ਼ ਜੀਅ ਖ਼ੁਸ਼ ਕੀਤਾ ਹੋਵੇ

## ਗੱਲਾਂ ਦਾ ਆਰੰਭ :-

ਇਸ ਕਹਾਣੀ ਲਿਖਿਆਂ, ਜੱਸ-ਅਪਜੱਸ ਦੇ ਹਵਨ ਕੁੰਡ ਦੁਆਲੇ ਜਦੋਂ ਪਰਨੇ ਵਿਛਾ ਕੇ ਜਾਂ ਇੱਟ ਰੋੜੇ ਉੱਪਰ ਬੈਠ ਕੇ ਡੱਕੇ ਨਾਲ ਧਰਤੀ ਫੋਲਦਾ ਹੋਇਆ ਕੋਈ ਗਾਲੜੀ ਆਪਣੀ ਗੱਲ ਸ਼ੁਰੂ ਕਰਦਾ ਹੈ, ਤਾਂ ਇਕ ਸਿਆਣੇ ਹੁੰਗਾਰਾ ਭਰਨ ਵਾਲੇ ਤੋਂ ਬਿਨਾਂ ਸਾਰੇ ਸਰੋਤੇ ਚੁੱਪ ਕਰਕੇ ਸੁਣਦੇ ਰਹਿੰਦੇ ਹਨ। ਗੱਲ ਸ਼ੁਰੂ ਕਿਸੇ ਲੋਕ-ਪ੍ਰਮਾਣ ਦੇ ਮਗਵਾਂਕ ਨਾਲ ਸ਼ੁਰੂ ਕੀਤੀ ਜਾਂਦੀ ਹੈ। ਗਾਲੜੀ ਇਹ ਕਹਿ ਕੇ ਕਿ 'ਸਿਆਣੇ ਦਾ ਬੋਲਿਆ, ਔਲੇ ਦਾ ਖਾਧਾਂ ਮਗਰੋਂ ਸੁਆਦ ਦਿੰਦਾ ਹੈ', ਗੱਲਾਂ ਸੁਣਾਉਣੀਆਂ ਆਰੰਭ ਕਰਦਾ ਹੈ।

## ਸਿਆਣੇ ਆਦਮੀਆਂ ਦਾ ਵੇਲੇ ਕੰਮ ਆਉਣਾ :-

ਗਾਲੜੀ ਨੇ ਦੱਸਿਆਂ ਕਿ ਕਿਸ ਤਰ੍ਹਾਂ ਇਕ ਵਾਰੀ ਧੀ ਵਾਲਿਆਂ ਨੇ ਮੁੰਡੇ ਵਾਲਿਆਂ ਨੂੰ ਕਿਹਾ ਕਿ ਉਹ ਆਪਣੀ ਜੰਞ ਵਿੱਚ ਕੋਈ 30 ਸਾਲ ਤੋਂ ਉੱਪਰ ਦਾ ਬੰਦਾ ਨਾ ਲਿਆਉਣ, ਨਹੀਂ ਤਾਂ ਉਹ ਜੰਞ ਵਾਪਸ ਮੋੜ ਦੇਣਗੇ। ਜੰਞ ਤੁਰਨ ਵੇਲੇ ਇੱਕ ਬਜ਼ੁਰਗ ਦੇ ਕਹਿਣ ਅਨੁਸਾਰ ਜਾਂਞੀ ਉਸ ਨੂੰ ਇਕ ਸੰਦੂਕ ਵਿੱਚ ਬੰਦ ਕਰਕੇ ਲੈ ਗਏ। ਅੱਗੋਂ ਰੋਟੀ ਵੇਲੇ ਨਾਈ ਨੇ ਜਾਂਞੀਆਂ ਨੂੰ ਕਿਹਾ ਕਿ ਉਨ੍ਹਾਂ ਦੇ ਰਿਵਾਜ ਅਨੁਸਾਰ ਉਹ ਜੰਞ ਵਿੱਚ ਜਿੰਨੇ ਬੰਦੇ ਹੋਣ, ਉਨੇ ਬੱਕਰੇ ਵੱਢਦੇ ਹਨ। ਜੇਕਰ ਹਰ ਜਾਂਞੀ ਇੱਕ-ਇੱਕ ਬੱਕਰਾ ਖਾ ਜਾਵੇ, ਤਾਂ ਉਹ ਧੀ ਤੋਰਦੇ ਹਨ, ਨਹੀਂ ਤਾਂ ਨਹੀਂ। ਇਹ ਸੁਣ ਕੇ ਸਾਰੇ ਜਾਂਞੀ ਘਬਰਾ ਗਏ, ਪਰ ਇੱਕ ਨੇ ਸੰਦੂਕ ਕੋਲ ਜਾ ਕੇ ਬਜ਼ੁਰਗ ਦੀ ਸਲਾਹ ਪੁੱਛੀ ਅਤੇ ਫਿਰ ਉਹਨਾਂ ਕਿਹਾ ਕਿ ਇੱਕ-ਇੱਕ ਬੱਕਰਾ ਵੱਢ ਕੇ ਤੇ ਬਣਾ ਕੇ ਲਈ ਆਉਣ। ਇਸੇ ਤਰ੍ਹਾਂ ਕੀਤਾ ਗਿਆ ਤੇ ਉਹ ਜਾਂਞੀ

ਸਾਰੇ ਚੱਕਰੇ ਖਾ ਗਏ। ਧੀ ਵਾਲਿਆਂ ਨੂੰ ਸ਼ੱਕ ਪਿਆ ਕਿ ਉਨ੍ਹਾਂ ਨਾਲ ਜ਼ਰੂਰ ਕੋਈ ਬੁੱਢਾ ਹੋਵੇਗਾ। ਜੰਞ ਦੀ ਤਲਾਸ਼ੀ ਲੈਣ ਤੇ ਸੰਦੂਕ ਵਿੱਚੋਂ ਬੁੱਢਾ ਨਿਕਲ ਆਇਆ। ਬੁੱਢੇ ਨੇ ਕਿਹਾ ਕਿ ਹੁਣ ਉਨ੍ਹਾਂ ਦੀ ਸ਼ਰਤ ਪੂਰੀ ਹੋ ਗਈ ਹੈ, ਇਸ ਕਰਕੇ ਡੋਲਾ ਹਵਾਲੇ ਕਰਨ। ਅੰਤ ਗਾਲਜੀ ਨੇ ਕਿਹਾ ਕਿ ਸਿਆਣੇ ਆਦਮੀ ਕੁਵੇਲੇ ਕੰਮ ਆਉਂਦੇ ਹਨ।

- **ਬੱਸੋ - ਬੁੜ੍ਹੀ:** ਇੱਕ ਅੱਧਖੜ ਬੰਦੇ ਨੇ ਜਦੋਂ ਨਵੀਂ ਗੱਲ ਸੁਣਨ ਲਈ ਬੱਸੋ ਬੁੜ੍ਹੀ ਨੂੰ ਫੋਕੀਆਂ ਸਿਆਣਪਾਂ ਘੋਟਦੀ ਦੱਸਿਆ, ਤਾਂ ਗਾਲਜੀ ਨੇ ਕਿਹਾ ਕਿ ਉਸ ਦੀ ਗੱਲ ਵਿੱਚ ਵੀ ਸਿਆਣਪ ਸੀ। ਉਸ ਨੇ ਦੱਸਿਆਂ ਕਿ ਬੱਸੋ ਬੁੜ੍ਹੀ ਬਬਲੀ ਤੇ ਕੁੱਤੀ ਹੋਣ ਕਰਕੇ ਉਸ ਦੇ ਪੋਤੇ ਦੀ ਜੰਞ ਚੜ੍ਹਨ ਸਮੇਂ ਉਸ ਨੂੰ ਇੱਕ ਕੋਠੜੀ ਵਿੱਚ ਬੰਦ ਕਰ ਦਿੱਤਾ ਗਿਆ, ਪਰ ਬੱਸੋਂ ਬੁੜ੍ਹੀ ਨੇ ਝੀਥਾਂ ਵਿੱਚ ਦੀ ਲਾੜੇ ਦੇ ਸਿਹਰੇ ਨਾ ਬੱਧੇ ਦੇਖ ਕੇ ਕਿਹਾ ਕਿ ਮੁੰਡੇ ਦੇ ਸਿਹਰੇ ਤਾਂ ਫੜ ਲੈਣ। ਇਸ ਤਰ੍ਹਾਂ ਉਸ ਨੇ ਗੱਲ ਤਾਂ ਸਿਆਣੀ ਕੀਤੀ ਸੀ, ਪਰ ਉਸ ਦੀ ਜ਼ੁਬਾਨ ਵਿੱਚ ਰਸ ਨਹੀਂ ਸੀ। ਅਸਲ ਵਿੱਚ ਪੁਰਾਣੇ ਲੋਕ ਸਿੱਧੇ ਸਾਦੇ ਹੁੰਦੇ ਸਨ ਤੇ ਜੋ ਮਨ ਵਿੱਚ ਆਉਂਦਾ ਸੀ ਕਹਿ ਦਿੰਦੇ ਸਨ।

- **ਸੰਤ ਗੁਰਬਖ਼ਸ਼ ਸਿੰਘ ਤੇ ਗੁਰੂ ਨਿੰਦਕ ਬ੍ਰਾਹਮਣ:**

ਕਈ ਸਾਲ ਪਹਿਲਾਂ ਇੱਕੋ ਪਿੰਡ ਵਿੱਚ ਸੰਤ ਗੁਰਬਖ਼ਸ਼ ਸਿੰਘ ਪਟਿਆਲੇ ਵਾਲੇ ਨੇ ਇੱਕ ਸਭਾ ਵਿੱਚ ਧਰਮ ਕਰਨ ਲਈ ਆਏ ਭਦੌੜ ਵਾਲੇ ਗੁਰੂ ਨਿੰਦਕ ਬ੍ਰਾਹਮਣ ਦੇ ਸਾਹਮਣੇ ਕਥਾ ਕਰਦਿਆਂ ਕਿਹਾ ਕਿ ਇੱਕ ਪਿੰਡ ਵਿੱਚ ਨੱਕ ਵਿੱਚੋਂ ਵਾਲ ਕੱਢ ਰਹੇ ਇੱਕ ਪੰਡਿਤ ਦੇ ਮਜ਼ਾਕਾ ਮਾਰਨ ਨਾਲ ਮੋਚਨਾ ਉਸਦੇ ਅੰਦਰ ਖੁੱਭ ਗਿਆ। ਇਸ ਸਮੇਂ ਪੰਡਤਾਂ

ਨੇ ਸਭਾ ਵਿੱਚ ਖੜ੍ਹੇ ਹੋ ਕੇ ਰੌਲਾ ਪਾ ਦਿੱਤਾ ਕਿ ਇਹ ਨਹੀਂ ਹੋ ਸਕਦਾ। ਸੰਤਾਂ ਨੇ ਉਨ੍ਹਾਂ ਨੂੰ ਧੀਰਜ ਨਾਲ ਬਿਠਾ ਕੇ ਪੁੱਛਿਆ ਕਿ ਜੇਕਰ ਸੋਚਨਾ ਨੱਕ ਵਿੱਚ ਨਹੀਂ ਰੱਖ ਸਕਦਾ, ਤਾਂ ਗ੍ਰੰਥਾਂ ਵਿੱਚ ਇਹ ਲਿਖਿਆ ਕਿਵੇਂ ਸਹੀ ਹੈ ਕਿ ਨਾਸ਼ਕੇਤ ਰਿਸ਼ੀ ਇੱਕ ਰਿਸ਼ੀ ਦੀਆਂ ਨਾਸਾਂ ਵਿੱਚੋਂ ਤੇ ਕੰਨ ਰਿਖੀ ਕੰਨ ਵਿੱਚੋਂ ਜੰਮੇ ਸਨ। ਇਹ ਸੁਣ ਕੇ ਪੰਡਿਤ ਭਿੱਜੀ ਬਿੱਲੀ ਵਾਂਗ ਬੈਠ ਗਏ।

- **ਪਾਥੀਆਂ ਦਾ ਗੁਹਾਰਾ ਲੁੱਟਣਾ:** ਉਨ੍ਹਾਂ ਦਿਨਾਂ ਵਿੱਚ ਸਿੱਧ ਸਾਧੀਆਂ ਤੇ ਬ੍ਰਾਹਮਣਾਂ ਦੇ ਪਖੰਡ ਬੜੇ ਚਲਦੇ ਹੁੰਦੇ ਸੀ ਕਿਉਂਕਿ ਬ੍ਰਾਹਮਣਾਂ ਨੇ ਆਪਣੇ ਲਾਗ ਵਧਾਉਣ ਲਈ ਬੜੀ ਨਾਦਰਸ਼ਾਹੀ ਵਰਤਾਈ ਹੋਈ ਸੀ ਤੇ ਲੋਕਾਂ ਨੇ ਕਹਾਣੀਆਂ ਘੜ ਲਈਆਂ ਸਨ। ਇੱਕ ਕਹਾਣੀ ਅਨੁਸਾਰ ਇੱਕ ਵਾਰੀ ਇੱਕ ਬ੍ਰਾਹਮਣ ਦੇ ਘਰ ਪਾਥੀਆਂ ਮੁੱਕ ਗਈਆਂ ਤੇ ਬ੍ਰਾਹਮਣੀ ਦੇ ਕਹਿਣ ਤੇ ਬ੍ਰਾਹਮਣ ਨੇ ਪਿੰਡ ਵਿੱਚ ਗੇੜਾ ਮਾਰ ਕੇ ਦੇਖਿਆ ਕਿ ਕਿਸ ਦਾ ਗਹਾਰਾ ਵੱਡਾ ਸੀ। ਉਹ ਪੱਤਰੀ ਕੱਛੇ ਮਾਰ ਕੇ ਉਨ੍ਹਾਂ ਦੇ ਘਰ ਜਾ ਕੇ ਕਹਿਣ ਲੱਗਾ ਕਿ ਉਨ੍ਹਾਂ ਕੋਲ ਵਿਹਲ ਤਾਂ ਨਹੀਂ, ਪਰ ਅੱਜ ਉਹ ਉਸ ਦੇ ਨਾਂ ਦੀ ਪੱਤਰੀ ਵਾਚ ਬੈਠਾ ਤੇ ਉਸ ਨੇ ਉਨ੍ਹਾਂ ਉੱਤੇ ਢਈਆ ਚੜ੍ਹਿਆ ਦੇਖਿਆ। ਜਜਮਾਨਣੀ ਨੇ ਘਬਰਾ ਕੇ ਉਪਾਅ ਪੁੱਛਿਆ ਤਾਂ ਉਸ ਨੇ ਕਿਹਾ ਕਿ ਢਾਈ ਘੰਟਿਆਂ ਦੇ ਅੰਦਰ ਹਾਥੀ ਦਾਨ ਕਰੇ। ਜਜਮਾਨਣੀ ਨੇ ਜਦੋਂ ਹੋਰ ਕੋਈ ਜੁਗਤ ਪੁੱਛੀ ਤਾਂ ਉਸ ਨੇ ਕਿਹਾ ਕਿ ਉਹ ਹਾਥੀ ਜਿੱਡੇ ਗੁਹਾਰੇ ਉੱਪਰ ਕੰਬਲ ਪਾ ਦੇਵੇ। ਉਹ ਮੰਤਰ ਪੜ੍ਹ ਕੇ ਢਈਆ ਉਤਾਰ ਦੇਵੇਗਾ। ਬੱਸ ਏਸੇ ਤਰ੍ਹਾਂ ਬ੍ਰਾਹਮਣ ਪਾਥੀਆਂ ਦਾ ਗੁਹਾਰਾ ਲੁੱਟ ਕੇ ਲੈ ਗਿਆ।

- **ਠੱਗੀਆਂ ਦੀ ਲੋੜ ਪੂਰੀ ਕਰਨਾ:** ਇਸੇ ਤਰ੍ਹਾਂ ਦੋ ਬ੍ਰਾਹਮਣ ਠਗਾਂ ਨੇ ਅੱਠ ਹੱਥ

ਸਗੋਂ ਘਰ ਵਿੱਚ ਪੀਹਣ ਵਾਲੀਆਂ ਚੱਕੀਆਂ ਲਿਆਉਣ ਲਈ ਦੋ ਵੱਖ ਵੱਖ ਜਜਮਾਨਾਂ ਦੇ ਘਰ ਜਾ ਕੇ ਸੰਨ੍ਹ ਪਾੜ ਕੇ ਉਨ੍ਹਾਂ ਨੂੰ ਸਵਰਗ ਦੇ ਦਾਨ ਦੇ ਸਤੀਅਰ ਗੁਨਾਹ ਹੋਣ ਦੇ ਲਾਰੇ ਲਾ ਕੇ ਉਨ੍ਹਾਂ ਦੀਆਂ ਚੱਕੀਆਂ ਆਪਣੇ ਘਰ ਲੈ ਆਈਆਂ।

- ਭਾਈ ਰਣਧੀਰ ਸਿੰਘ ਦੀ ਪਰਮਹੰਸ ਨਾਲ ਟੱਕਰ :

ਛਪਾਰ ਦੇ ਮੇਲੇ ਵਿੱਚ ਇੱਕ ਪਰਮਹੰਸ ਸਾਧ ਹਰ ਵਾਰੀ ਆਉਂਦਾ ਤੇ ਢੰਡੋਰਾ ਪਿਟਵਾਉਂਦਾ ਕਿ ਉਸ ਨਾਲ ਜਿਹੜਾ ਮਰਜ਼ੀ ਬਹਿਸ ਕਰ ਲਵੇ। ਇੱਕ ਵਾਰੀ ਭਾਈ ਸਾਹਿਬ ਨੂੰ ਪਿੰਡ ਦੇ ਲੋਕ ਉਸ ਨਾਲ ਬਹਿਸ ਕਰਾਉਣ ਲਈ ਲੈ ਗਏ। ਸਾਧ ਨੇ ਚਾਦਰ ਵਿਛਾ ਕੇ ਤੇ ਉੱਪਰ ਇੱਕ ਚੌਕੀ ਰੱਖ ਕੇ ਉਸ ਉੱਪਰ ਬਲਦ ਦੀ ਤੇਲ ਨਾਲ ਚੋਪੜੀ ਹੋਈ ਜੁੱਤੀ ਰੱਖੀ ਹੋਈ ਸੀ ਤੇ ਕਹਿ ਰਿਹਾ ਸੀ ਕਿ ਸਭ ਵਿੱਚ ਬ੍ਰਹਮ ਹੈ। ਮੇਰੇ ਵਿੱਚ, ਤੇਰੇ ਵਿੱਚ ਤੇ ਜੁੱਤੀ ਵਿੱਚ ਸਾਰਿਆਂ ਵਿੱਚ ਸਮਾਨ ਬ੍ਰਹਮ ਹੈ। ਜਿਹੜਾ ਇਸ ਜੁੱਤੀ ਵਿੱਚ ਬ੍ਰਹਮ ਨਹੀਂ ਮੰਨਦਾ, ਉਹ ਉਸ ਨਾਲ ਬਹਿਸ ਕਰ ਲਵੇ। ਇਹ ਸੁਣ ਕੇ ਭਾਈ ਸਾਹਿਬ ਨੇ ਜੁੱਤੀਆਂ ਚੁੱਕ ਕੇ ਸਾਧ ਦੇ ਘੋਨੇ ਸਿਰ ਉੱਤੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਾਧ ਪੁਕਾਰਿਆ ਕਿ ਉਹ ਉਸਨੂੰ ਕਿਉਂ ਮਾਰਦੇ ਹਨ, ਮੂੰਹ ਨਾਲ ਗੱਲ ਕਰੋ। ਭਾਈ ਸਾਹਿਬ ਨੇ ਕਿਹਾ "ਸੰਤ ਜੀ ਮੈਂ ਵੀ ਬ੍ਰਹਮ ਹਾਂ, ਤੂੰ ਵੀ ਬ੍ਰਹਮ ਹੈਂ, ਤੇ ਜੁੱਤੀ ਵੀ ਬ੍ਰਹਮ ਹੈ। ਕੌਣ ਕਿਸ ਨੂੰ ਮਾਰਦਾ ਹੈ।" ਕੋਈ ਸਾਧ ਨੂੰ ਛੁਡਾਉਣ ਲਈ ਅੱਗੇ ਨਾ ਆਇਆ ਤੇ ਹਾਰ ਕੇ ਉਹ ਉੱਥੋਂ ਨੱਸ ਗਿਆ ਤੇ ਮੁੜ ਕਦੇ ਨਾ ਆਇਆ।

- ਪਵੀਆਂ ਦਾ ਬਾਦਸ਼ਾਹ : ਛਾਬੇ ਦਾ ਨਿਹਾਲ ਸਿੰਘ ਲੋਪਕੇ ਦੇ ਪਿੰਡ ਦੀਆਂ ਪੂਵੀਆਂ ਦਾ ਬਾਦਸ਼ਾਹ ਮੰਨਿਆਂ ਜਾਂਦਾ ਸੀ। ਉਸ

ਨੇ ਜਿਸ ਮਹੱਲੇ ਦੀ ਧੂਣੀ ਉੱਤੇ ਆਪਣੀਆਂ ਕਥਾ-ਕਹਾਣੀਆਂ ਸੁਣਾਉਣੀਆਂ, ਦੂਜੇ ਦਿਨ ਉਸ ਧੂਣੀ ਉੱਤੇ ਬੈਠਣ ਲਈ ਥਾਂ ਮਿਲਣੀ ਮੁਸ਼ਕਿਲ ਹੋ ਜਾਂਦੀ ਸੀ। ਉਹ ਤੋਤਾ ਮੈਨਾ, ਅਲਫ਼ ਲੈਲਾ ਵਾਲੇ ਅਲਾਦੀਨ ਦੇ ਚਿਰਾਗ ਦੀਆਂ ਕਰਾਮਾਤਾਂ, ਰਿਸ਼ੀਆਂ-ਮੁਨੀਆਂ ਦੇ ਰਾਤ ਨੂੰ ਅਗਿ-ਅਗਿ ਵੱਖ ਕਰਕੇ ਸੈਣ ਦੇ ਕਿੱਸੇ, ਕਹਾਣੀਆਂ ਕਈ-ਕਈ ਦਿਨ ਚਲਾਈ ਰੱਖਣੀਆਂ। ਵਧੇਰੇ ਸ਼ਰਧਾਂ ਨਾਲ ਉਹ ਅਵਤਾਰਾਂ ਦੀਆਂ ਕਹਾਣੀਆਂ ਸੁਣਾਉਂਦਾ ਸੀ ਜਿਨਾਂ ਵਿੱਚੋਂ ਰਾਮ ਬਨਵਾਸ, ਰਾਵਣ ਦਾ ਸੀਤਾ ਹਰਨ, ਹਨੂੰਮਾਨ ਦੀਆਂ ਕਰਾਮਾਤਾਂ, ਰਾਵਣ-ਵੱਧ ਆਦਿ ਨੂੰ ਖ਼ੂਬ ਜੋਸ਼ ਨਾਲ ਸੁਣਾਉਂਦਾ ਸੀ। ਇਹਨਾਂ ਦੇ ਨਾਲ ਹੀ ਉਹ ਹਨੂੰਮਾਨ ਦੇ ਲੰਕਾ ਪ੍ਰਵੇਸ਼, ਸੰਜੀਵਨੀ ਬੂਟੀ ਲਿਆਉਣ, ਕ੍ਰਿਸ਼ਨ ਜੀ ਦੇ ਜਨਮ, ਗੋਪੀਆਂ ਦੇ ਦੁਰਬਾਸਾ ਰਿਸ਼ੀ ਕੋਲ ਜਾਣ, ਸਰਵਣ ਵੀਰ, ਧੰਨੇ ਭਗਤ ਆਦਿ ਦੇ ਕਿੱਸੇ ਖ਼ੂਬ ਸ਼ਰਧਾਂ ਨਾਲ ਸੁਣਾਉਂਦਾ।

- **ਪੂਰਨ ਭਗਤ ਦੀ ਕਥਾ :** ਇੱਕ ਦਿਨ ਨਿਹਾਲ ਸਿੰਘ, ਪੂਰਨ ਭਗਤ ਦੀ ਕਥਾ ਸੁਣਾ ਰਿਹਾ ਸੀ ਤੇ ਉਸ ਨੇ ਦੱਸਿਆ ਕਿ ਕਿਸ ਤਰ੍ਹਾਂ ਪਾਪਣ ਲੂਣਾ ਪੂਰਨ ਦੀ ਚੜ੍ਹਦੀ ਜਵਾਨੀ ਵੇਖ ਕੇ ਮੋਹਿਤ ਹੋ ਗਈ ਤੇ ਉਸ ਦਾ ਧਰਮ ਤੋੜਨ ਲਈ ਸੁਆਲ ਜੁਆਬ ਕਰਨ ਲੱਗੀ। ਧੂਣੀ ਸੇਕਣ ਵਾਲਿਆਂ ਵਿੱਚੋਂ ਇੱਕ ਨੇ ਕਿਹਾ, "ਤਾਇਆ ਮੈਂ ਤਾਂ ਕਹਿਨਾ ਪੂਰਨ ਕਮਲਾ ਹੀ ਸੀ"। ਇਹ ਸੁਣ ਕੇ ਨਿਹਾਲ ਸਿੰਘ ਨੂੰ ਗੁੱਸਾ ਚੜ੍ਹ ਗਿਆ ਤੇ ਕਹਿਣ ਲੱਗਾ, "ਹੱਤ ਤੇਰੇ ਲੱਖ ਬਦਮਾਸ਼ ਦੀ। ਪਹਿਲਾਂ ਤਾਂ ਤੁਸੀ ਇਹ ਲੋਕ-ਕਥਾ ਸੁਣਨ ਦੇ ਅਧਿਕਾਰੀ ਹੀ ਨਹੀਂ। ਅੱਜ ਤੋਂ ਮੈਂ ਵੀ ਪਿਓ ਦਾ ਪੁੱਤ ਨਹੀਂ, ਜੇ ਤੁਹਾਨੂੰ ਕੋਈ ਗੱਲ ਸੁਣਾਵਾਂ।" ਇਹ ਕਹਿ ਕੇ ਉਹ ਰੋਸੇ ਨਾਲ ਭਰਿਆ ਅਜਿਹਾ ਗਿਆ ਕਿ ਮੁੜ ਕੇ ਪਿੰਡ ਦੀ ਕਿਸੇ ਧੂਣੀ ਉੱਤੇ ਨਹੀਂ ਆਇਆ। ਧੂਣੀਆਂ ਤਾਂ ਧਰਮ ਦੀਆਂ ਗੱਲਾਂ ਲਈ ਸਿਆਣੇ ਲਾਉਂਦੇ ਸਨ। ਮੈਂ ਜਿੰਨਾ ਚਿਰ ਜਿਉਂਦਾ ਹਾਂ ਹੁਣ ਮੁੜ ਧੂਣੀ ਉੱਤੇ ਨਹੀਂ ਆਵਾਂਗਾ।

'ਨੀਕਾ ਰਾਗੀ ਜਬ ਹੋਵਤ ਦੇਖੀ ।
ਤਬ ਉਠ ਗਏ ਕਬੀਰ ਬਿਬੇਕੀ ।'

• **ਪਿੰਡ ਦਾ ਗਹਿਣਾ :-** ਲਿਹਾਜ਼ ਸਿੰਘ ਮਰਨੀ ਮਰ ਗਿਆ, ਪਰ ਆਪਣੇ ਪ੍ਰਣ ਤੋਂ ਨਾ ਫਿਰਿਆ।

ਲੇਖਕ ਦੇ ਪਿੰਡ ਦੀਆਂ ਧੂਣੀਆਂ ਹੁਣ ਵੀ ਲਗਦੀਆਂ ਹਨ। ਪਰ ਇਹਨਾਂ ਦੀ ਮੁੱਢ-ਕਦੀਮ ਤੋਂ ਚਲੀ ਆ ਰਹੀ ਨਾ ਉਹ ਪਰੰਪਰਾ ਰਹੀ ਹੈ ਅਤੇ ਨਾ ਉਹ ਪਵਿੱਤਰਤਾ ਤੇ ਨਾ ਹੀ ਅਧਿਆਤਮਿਕ ਰੰਗ। ਲਿਹਾਜ਼ ਸਿੰਘ ਭਾਵੇਂ ਮਰ ਗਿਆ ਹੈ ਪਰ ਉਸ ਦੇ ਧੂਣੀਆਂ ਦੀ ਪਵਿੱਤਰਤਾ ਲਈ ਪਾਏ ਪੂਰਨੇ ਤੇ ਲੋਕਾਂ ਦੇ ਮਨਾਂ ਉੱਤੇ ਉਸ ਦਾ ਪ੍ਰਭਾਵ ਅਜੇ ਵੀ ਕਾਇਮ ਹੈ। ਉਹ ਲੇਖਕ ਦੇ ਪਿੰਡ ਦਾ ਇੱਕ ਵੱਡਾ ਗਹਿਣਾ ਸੀ।

ਸੋ, ਕਿਹਾ ਜਾ ਸਕਦਾ ਹੈ ਕਿ ਇਸ ਲੇਖ ਰਾਹੀਂ ਲੇਖਕ ਨੇ ਪੇਂਡੂ ਜਨ-ਜੀਵਨ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਧੂਣੀਆਂ ਦੀ ਪਵਿੱਤਰਤਾ ਬਾਰੇ ਦੱਸਿਆ ਹੈ।